# ਪ੍ਰਾਸਪੈਕਟਸ

## ਮੈਟ੍ਰਿਕੁਲੇਸ਼ਨ ਪਰੀਖਿਆ

## ਮਾਰਚ–2017

## (ਸਮੇਤ ਓਪਨ ਸਕੂਲ)

## ਕੇਵਲ ਰੀ–ਅਪੀਅਰ, ਵਾਧੂ ਵਿਸ਼ੇ ਅਤੇ ਕਾਰਗੁਜਾਰੀ ਵਧਾਉਣ ਦੀ ਪਰੀਖਿਆ ਸਬੰਧੀ

ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ
(ਪੰਜਾਬ)

# ਪੰਜਾਬ ਸਕੂਲ ਸਿੱਖਿਆ ਬੋਰਡ

## ਮੈਟ੍ਰਿਕੁਲੇਸ਼ਨ ਪਰੀਖਿਆ ਮਾਰਚ–2017 (ਸਮੇਤ ਓਪਨ ਸਕੂਲ) ਰੀ–ਅਪੀਅਰ ਅਤੇ ਵਾਧੂ ਵਿਸ਼ੇ ਵਾਲੇ ਉਮੀਦਵਾਰਾਂ ਲਈ ਪਰੀਖਿਆ ਫਾਰਮ ਭਰਨ ਸਬੰਧੀ ਜ਼ਰੂਰੀ ਸੂਚਨਾਵਾਂ/ਹਦਾਇਤਾਂ

1.1 ਪਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ਵਿਨਿਯਮ/ਪਾਠ–ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

1.2 ਉਮੀਦਵਾਰ ਵੱਲੋਂ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪਰੀਖਿਆ ਉਹੀ ਉਮੀਦਵਾਰ ਦੇ ਸਕਦਾ ਹੈ ਜੋ ਨਿਯਮਾਂ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

1.3 ਅਕੈਡਮੀ ਰਾਹੀਂ ਜਾਂ ਅਕੈਡਮੀ ਦੇ ਪਤੇ ਵਾਲਾ ਕੋਈ ਵੀ ਪਰੀਖਿਆ ਫਾਰਮ ਨਹੀਂ ਲਿਆ ਜਾਵੇਗਾ। ਅਜਿਹਾ ਕਰਨ ਤੇ ਪਰੀਖਿਆ ਫਾਰਮ ਰੱਦ ਕਰ ਦਿੱਤਾ ਜਾਵੇਗਾ।

1.4 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਫਾਰਮ ਵਿੱਚ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

1.5 ਰੋਲ ਨੰਬਰ ਕੇਵਲ ਬੋਰਡ ਦੀ ਵੈਬਸਾਈਟ ਤੇ ਹੀ ਉਪਲੱਬਧ ਹੋਣਗੇ ਅਤੇ ਡਾਕ ਰਾਹੀਂ ਕੋਈ ਰੋਲ ਨੰਬਰ ਨਹੀਂ ਭੇਜਿਆ ਜਾਵੇਗਾ। ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫਾਰਮ/ਫੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਦਫਤਰ ਨਾਲ ਸੰਪਰਕ ਕੀਤਾ ਜਾਵੇ।

1.6 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਵਾਂਝੇ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਬਿਨੈ ਪੱਤਰ ਸਾਦੇ ਕਾਗਜ਼ ਤੇ ਲਿਖਾਰੀ ਦੀ ਤਸਦੀਕਸ਼ੁਦਾ ਫੋਟੋ ਹਸਤਾਖਰਾਂ ਸਮੇਤ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪਰੀਖਿਆ ਫਾਰਮ ਦੇ ਨਾਲ ਭੇਜਣ।

1.7 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾਵੇਗੀ।

1.8 ਵਾਧੂ ਵਿਸ਼ੇ ਦੀ ਪਰੀਖਿਆ ਪੰਜਾਬ ਬੋਰਡ ਜਾਂ ਕਿਸੇ ਹੋਰ ਬੋਰਡ ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕਰਨ ਉਪਰੰਤ ਹੀ ਦਿੱਤੀ ਜਾ ਸਕਦੀ ਹੈ।

1.9 ਦੂਜੇ ਬੋਰਡ ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕਰਨ ਉਪਰੰਤ ਵਾਧੂ ਵਿਸ਼ੇ ਦੀ ਪਰੀਖਿਆ ਦੇਣ ਵਾਲੇ ਪਰੀਖਿਆਰਥੀ ਪਰੀਖਿਆ ਫਾਰਮ ਦੇ ਨਾਲ ਬੋਰਡ ਦਾ ਸਮਾਨਤਾ ਪੱਤਰ ਨਾਲ ਨੱਥੀ ਕਰਨ।

1.10 ਵਾਧੂ ਵਿਸ਼ੇ ਦਾ ਉਮੀਦਵਾਰ ਜੇਕਰ ਵਿਗਿਆਨ ਜਾਂ ਹੋਰ ਪ੍ਰਯੋਗੀ ਪਰੀਖਿਆ ਵਾਲੇ ਵਿਸ਼ੇ ਦੀ ਪਰੀਖਿਆ ਦੇਣੀ ਚਾਹੁੰਦਾ ਹੈ ਤਾਂ ਉਸਨੂੰ ਲਿਖਤੀ ਅਤੇ ਪ੍ਰਯੋਗੀ ਦੋਵੇਂ ਪਰੀਖਿਆਵਾਂ ਦੇਣੀਆਂ ਪੈਣਗੀਆਂ।

1.11 ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਰੀ–ਅਪੀਅਰ ਉਮੀਦਵਾਰ ਹੀ ਰੀ–ਅਪੀਅਰ ਦੀ ਪਰੀਖਿਆ ਦੇਣ ਦੇ ਯੋਗ ਹੋਣਗੇ।

1.12 ਉਮੀਦਵਾਰ ਆਪਣੇ ਪਰੀਖਿਆ ਫਾਰਮ ਵਿੱਚ ਫੀਸ ਦੇ ਵੇਰਵੇ ਭਰਕੇ ਜਮ੍ਹਾਂ ਕਰਵਾਉਣਗੇ।

1.13 ਬੋਰਡ ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕਰਨ ਵਾਲੇ ਪਰੀਖਿਆਰਥੀ ਹੀ ਕਾਰਗੁਜਾਰੀ ਵਧਾਉਣ ਸਬੰਧੀ ਪਰੀਖਿਆ ਦੇ ਸਕਦੇ ਹਨ। ਪਰੀਖਿਆਰਥੀ ਇੱਕ ਜਾਂ ਵੱਧ ਵਿਸ਼ਿਆਂ ਵਿੱਚ ਕਾਰਗੁਜਾਰੀ ਦੀ ਪਰੀਖਿਆ ਮੈਟ੍ਰਿਕ ਦੀ ਪਰੀਖਿਆ ਪਾਸ ਕਰਨ ਉਪਰੰਤ ਦੋ ਸਾਲਾਂ ਦੇ ਵਿੱਚ-ਵਿੱਚ ਕੇਵਲ ਦੋ ਵਾਰ ਹੀ ਪਰੀਖਿਆ ਦੇ ਸਕਦਾ ਹੈ।

## 2. ਪਾਸ ਫਾਰਮੂਲਾ :-

ਪਰੀਖਿਆਰਥੀ ਨੂੰ ਪਾਸ ਹੋਣ ਲਈ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਜ਼ਰੂਰੀ ਹੈ ਅਤੇ ਪਰੀਖਿਆਰਥੀ ਨੂੰ ਹਰੇਕ ਵਿਸ਼ੇ ਵਿੱਚ ਲਿਖਤੀ, ਪ੍ਰਯੋਗੀ ਅਤੇ ਸੀ.ਸੀ.ਈ. ਵਿੱਚ ਘੱਟੋ-ਘੱਟ ਵੱਖਰੇ ਤੌਰ ਤੇ 33 ਪ੍ਰਤੀਸ਼ਤ ਅੰਕ ਅਤੇ ਕੁੱਲ ਮਿਲਾ ਕੇ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਇਸ ਉਪਰੰਤ ਪਰੀਖਿਆਰਥੀ ਨੂੰ ਵਿਸ਼ੇ ਵਿੱਚ ਪਾਸ ਘੋਸ਼ਿਤ ਕੀਤਾ ਜਾਵੇਗਾ।

## 3. ਪਰੀਖਿਆ ਫਾਰਮ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚਨਾ ਹੇਠ ਦਰਜ ਹੈ।

3.1 ਉਮੀਦਵਾਰ ਜਿਹੜੇ ਪੰਜਾਬ ਰਾਜ ਵਿੱਚ ਰਹਿੰਦੇ ਹਨ:- ਪੰਜਾਬ ਸਰਕਾਰ/ਬੋਰਡ ਦੇ ਕਿਸੇ ਵੀ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਜਾਂ ਪੰਜਾਬ ਦੇ ਕਿਸੇ ਪ੍ਰਵਾਨਿਤ ਕਾਲਜ ਦੇ ਪ੍ਰਿੰਸੀਪਲ ਕੋਲੋਂ ਜਾਂ ਜ਼ਿਲ੍ਹਾ/ਮੰਡਲ ਜਾਂ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਉਚ-ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸ ਦਾ ਆਹੁਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਤੋਂ।

3.2 ਉਮੀਦਵਾਰ ਜਿਹੜੇ ਪੰਜਾਬ ਰਾਜ ਤੋਂ ਬਾਹਰ ਰਹਿੰਦੇ ਹਨ:- **(ੳ) ਨੰ.4.1** ਵਿੱਚ ਦਰਸਾਏ ਕਿਸੇ ਇੱਕ ਅਧਿਕਾਰੀ ਕੋਲੋਂ ਜਾਂ (ਅ) ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ। ਜਾਂ (ੲ) ਪਹਿਲੇ ਦਰਜੇ ਦਾ ਮੈਜਿਸਟ੍ਰੇਟ।

3.3 ਕੇਂਦਰੀ ਇਲਾਕਾ ਚੰਡੀਗੜ੍ਹ ਦੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਸਥਾਨਿਕ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਕੋਲੋਂ ਤਸਦੀਕ ਕਰਵਾ ਸਕਦੇ ਹਨ। ਜਾਂ ਸਥਾਨਿਕ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਪਾਸੋਂ ਜਿਸਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ।

3.4 ਸੈਨਿਕ ਉਮੀਦਵਾਰ ਪਰੀਖਿਆ ਫਾਰਮ ਆਪਣੇ ਯੂਨਿਟ ਦੇ ਰਜਮੈਂਟ /ਕੰਪਨੀ ਅਫ਼ਸਰ ਤੋਂ ਤਸਦੀਕ ਕਰਵਾਉਣ। ਸੈਨਿਕ ਹੋਣ ਦਾ ਸਬੂਤ ਨਾਲ ਨੱਥੀ ਕੀਤਾ ਜਾਵੇ।

3.5 ਓਪਨ ਸਕੂਲ ਪ੍ਰਣਾਲੀ ਅਧੀਨ ਰੀ-ਅਪੀਅਰ ਆਉਣ ਵਾਲੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਉਸੇ ਅਧਿਐਨ ਕੇਂਦਰ ਦੇ ਮੁਖੀ ਕੋਲੋਂ ਤਸਦੀਕ ਕਰਵਾਉਣ ਜਿਸ ਰਾਹੀਂ ਉਨ੍ਹਾਂ ਨੇ ਪਹਿਲੀ ਵਾਰ ਪਰੀਖਿਆ ਦਿੱਤੀ ਸੀ।

## 4. ਪਰੀਖਿਆ ਦਾ ਸ਼ਡਿਊਲ :

4.1 ਵਾਧੂ ਵਿਸ਼ਾ ਅਤੇ ਰੀ-ਅਪੀਅਰ ਦੀ ਪਰੀਖਿਆ ਸਾਲ ਵਿੱਚ ਦੋ ਵਾਰ ਹੋਵੇਗੀ। ਜਦੋਂ ਕਿ ਕਾਰਗੁਜਾਰੀ ਦੀ ਪਰੀਖਿਆ ਕੇਵਲ ਮਾਰਚ ਵਿੱਚ ਹੀ ਹੋਵੇਗੀ।

4.2 ਚੇਅਰਮੈਨ/ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਪਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕਰ ਸਕਦੇ ਹਨ।

## 5. ਪਰੀਖਿਆ ਫੀਸ ਅਤੇ ਫਾਰਮ ਜਮ੍ਹਾਂ ਕਰਵਾਉਣ ਦਾ ਸ਼ਡਿਊਲ :-

| | ਬਿਨਾਂ ਲੇਟ ਫੀਸ ਆਖਰੀ ਮਿਤੀ | 500/-ਰੁ: ਲੇਟ ਫੀਸ ਨਾਲ | 1000/- ਰੁ: ਲੇਟ ਫੀਸ ਨਾਲ | 2000/- ਰੁ: ਲੇਟ ਫੀਸ ਨਾਲ |
|---|---|---|---|---|
| ਪਰੀਖਿਆ ਫੀਸਾਂ ਅਤੇ ਫਾਰਮ ਜਿਲ੍ਹਾ ਖੇਤਰੀ ਦਫਤਰ/ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ | 14-12-2016 | 21-12-2016 | 28-12-2016 | 04-01-2017 |

**ਨੋਟ :- ਨਿਰਧਾਰਿਤ ਮਿਤੀ ਤੱਕ ਪਰੀਖਿਆ ਫੀਸ ਅਤੇ ਫਾਰਮ ਖੇਤਰੀ ਦਫਰਤ ਵਿੱਚ ਜਮ੍ਹਾਂ ਕਰਵਾਉਣਾ ਜਰੂਰੀ ਹੈ। ਜੇਕਰ ਕੋਈ ਪਰੀਖਿਆਰਥੀ ਪਰੀਖਿਆ ਫੀਸ ਜਮ੍ਹਾਂ ਕਰਵਾਉਣ ਉਪਰੰਤ ਪਰੀਖਿਆ ਫਾਰਮ ਜਮ੍ਹਾਂ ਨਹੀਂ ਕਰਵਾਏਗਾ ਤਾਂ ਉਸਨੂੰ ਰੋਲਨੰਬਰ ਜਾਰੀ ਨਹੀਂ ਕੀਤਾ ਜਾਵੇਗਾ।**

5.1 ਜੇਕਰ ਆਖਰੀ ਮਿਤੀ ਨੂੰ ਛੁੱਟੀ ਦਾ ਦਿਨ ਹੋਵੇ ਤਾਂ ਉਸ ਤੋਂ ਅਗਲਾ ਕੰਮ ਵਾਲਾ ਦਿਨ ਆਖਰੀ ਮਿਤੀ ਵਾਲਾ ਦਿਨ ਮੰਨਿਆ ਜਾਵੇਗਾ।

5.2 ਪ੍ਰੀਖਿਆਰਥੀ ਪ੍ਰੀਖਿਆ ਫਾਰਮ ਭਰਨ ਤੋਂ ਪਹਿਲਾ ਪ੍ਰਾਸਪੈਕਟਸ ਵਿੱਚ ਦਿੱਤੀਆਂ ਹਦਾਇਤਾਂ ਧਿਆਨ ਨਾਲ ਪੜਨਗੇ।

(ੳ) ਪ੍ਰੀਖਿਆ ਫਾਰਮ ਵਿੱਚ ਆਪਣੀ ਪਿਛਲੀ ਪ੍ਰੀਖਿਆ ਦਾ ਸਾਲ/ਸੈਸ਼ਨ ਅਤੇ ਰੋਲ ਨੰਬਰ ਸਲੈਕਟ ਕਰਨਗੇ।

(ਅ) ਪ੍ਰੀਖਿਆਰਥੀ ਆਪਣੇ ਵੇਰਵੇ, ਫੋਟੋਗ੍ਰਾਫ ਅਤੇ ਵਿਸ਼ਿਆਂ ਸਬੰਧੀ ਪੂਰੀ ਜਾਣਕਾਰੀ ਭਰਨਗੇ।

(ੲ) ਪ੍ਰੀਖਿਆ ਫਾਰਮ ਦਾ ਪ੍ਰਿੰਟ ਡਾਊਨਲੋਡ ਕਰਕੇ ਇਸ ਨੂੰ ਹਰ ਪੱਖੋਂ ਮੁਕੰਮਲ ਕੀਤਾ ਜਾਵੇ ਅਤੇ ਪ੍ਰੀਖਆ ਫਾਰਮ ਅਤੇ ਫੀਸ ਬੋਰਡ ਦੇ ਖੇਤਰੀ ਦਫਤਰ/ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਈ ਜਾਵੇ।

**ਪਰੀਖਿਆ ਫੀਸ :-**

**ਰੀ-ਅਪੀਅਰ ਅਤੇ ਵਾਧੂ ਵਿਸ਼ੇ ਲਈ 1000/- ਰੁਪਏ (ਉੱਕਾ ਪੁੱਕਾ)**

**ਕਾਰਗੁਜਾਰੀ ਵਧਾਉਣ ਲਈ 1600/- ਰੁਪਏ (ਉੱਕਾ ਪੁੱਕਾ)**

6. ਉਮੀਦਵਾਰ ਕੇਵਲ ਤਹਿਸੀਲ/ਜਿਲਾ ਹੈਡਕੁਆਟਰ ਤੇ ਬਣੇ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।

| ਜਿਲ੍ਹਿਆਂ ਦੇ ਨਾਮ ਅਤੇ ਕੋਡ | | ਵਿਸ਼ਾ ਕੋਡ | ਵਿਸ਼ੇ |
|---|---|---|---|
| ਜਿਲਾ ਕੋਡ | ਜਿਲ੍ਹੇ ਦਾ ਨਾਂ | 09 | SANSKRIT |
| 010 | ਅੰਮ੍ਰਿਤਸਰ | 18 | RUSSIAN |
| 020 | ਬਠਿੰਡਾ | 10 | URDU ELECTIVE |
| 025 | ਬਰਨਾਲਾ | 11 | PERSIAN |
| 030 | ਫਰੀਦਕੋਟ | 12 | ARABIC |
| 040 | ਫਤਹਿਗੜ੍ਹ ਸਾਹਿਬ | 68 | SPANISH |
| 045 | ਫਾਜ਼ਿਲਕਾ | 15 | FRENCH |
| 050 | ਫਿਰੋਜ਼ਪੁਰ | 16 | GERMAN |
| 060 | ਗੁਰਦਾਸਪੁਰ | 50 | KOREAN |
| 070 | ਹੁਸ਼ਿਆਰਪੁਰ | 69 | YOGA |
| 080 | ਜਲੰਧਰ | 28 | MECH. DRAWING & PAINTING |
| 090 | ਕਪੂਰਥਲਾ | 29 | CUTT. & TAILORING |
| 100 | ਲੁਧਿਆਣਾ | 30 | MUSIC (VOCAL) |
| 110 | ਮਾਨਸਾ | 31 | MUSIC (INSTR.) |
| 120 | ਮੋਗਾ | 32 | MUSIC (TABLA) |
| 130 | ਸ਼੍ਰੀ ਮੁਕਤਸਰ ਸਾਹਿਬ | 33 | HOME SCIENCE |
| 140 | ਸ਼ਹੀਦ ਭਗਤ ਸਿੰਘ .ਨਗਰ | 35 | AGRICULTURE |
| 145 | ਪਠਾਨਕੋਟ | 38 | REP & MAINT OF HHEA |
| 150 | ਪਟਿਆਲਾ | 39 | ELECTRONIC TECHNOLOGY |
| 160 | ਰੂਪਨਗਰ | 40 | REPAIR & MAINTENANCE OF FARM POWER & MACHINERY |
| 165 | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 41 | WELDING |
| 170 | ਸੰਗਰੂਰ | 42 | REP & MAINT OF SCOOTER & MOTORCYCLE |
| 175 | ਤਰਨਤਾਰਨ | 43 | BASIC GARMENT TECHNOLOGY |
| 180 | ਚੰਡੀਗੜ੍ਹ ਤੇ ਦੂਜੇ ਰਾਜ | 44 | WOOD CRAFT |
| ਵਿਸ਼ੇ ਵਾਰ ਵਿਸ਼ਾ ਕੋਡ | | 45 | BASIC OFFICE WORK & STENOGRAPHY |
| ਵਿਸ਼ਾ ਕੋਡ | ਵਿਸ਼ੇ | 46 | GENERAL HOTRICULTURE |
| 01 | PUNJABI | 47 | KNITTING (HAND & MACHINE) |
| 07 | PUNJAB HISTORY AND CULTURE | 48 | ENGG. DRAFTING & DUPLICATING |
| 02 | ENGLISH | 34 | COMPUTER SCINCE (PRE-VOCATIONAL) |
| 03 | HINDI | 49 | FOOD PRESERVATION |
| 04 | MATHEMATICS | 51 | WEAVING TECHNOLOGY |
| 05 | SCIENCE | 52 | COMMERCIAL ART |
| 06 | SOCIAL STUDIES | 53 | MANUFACTURING OF SPORTS GOODS |
| 08 | HEALTH & PHY. EDU. | 54 | MANUFACTURING OF LEATHER GOODS |
| 63 | COMPUTER SCIENCE | 71 | URDU (INLIEU OF HINDI) |